# ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ ਐਸ.ਏ.ਐਸ ਨਗਰ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਬਲਾਕ - E , ਚੋਥੀ ਮੰਜਿਲ , ਫੇਸ - 8 ,ਐਸ.ਏ ਐਸ ਨਗਰ

(ਫੰਡ ਸ਼ਾਖਾ)

**ਵੱਲ**

1) ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.),ਪੰਜਾਬ।
2) ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ, ਪੰਜਾਬ ਰਾਜ ਵਿੱਚ।
3) ਰਜਿਸਟਰਾਰ ਸਿੱਖਿਆ ਵਿਭਾਗ।

ਮੀਮੋ ਨੰ: 06/01-18 NPS ਫੰਡ1 (3)/2019-123-146
ਮਿਤੀ: ਐਸ.ਏ.ਐਸ ਨਗਰ 24-05-2019

**ਵਿਸ਼ਾ:** ਨਵੇਂ ਭਰਤੀ ਹੋਏ ਕਰਮਚਾਰੀਆਂ ਨੂੰ ਪਰਾਨ ਨੰਬਰ ਅਲਾਟ ਕਰਵਾਉਣ ਬਾਰੇ।

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਆਪ ਦੇ ਅਧੀਨ ਸਕੂਲਾਂ/ਦਫਤਰਾਂ ਵਿੱਚ ਨਵੇਂ ਭਰਤੀ ਹੋਏ, ਰਮਸਾ ਅਤੇ ਐਸ.ਐਸ.ਏ. ਤੋਂ ਕਲਿਕ ਕਰਕੇ ਨਿਯਮਤ ਹੋਏ ਕਰਮਚਾਰੀਆਂ ਨੂੰ ਪਰਾਨ ਨੰਬਰ ਅਲਾਟ ਕਰਵਾਏ ਜਾਣ ਸਬੰਧੀ ਸਮੇਂ ਸਮੇਂ ਸਿਰ ਸੂਚਨਾ ਮੰਗੀ ਗਈ ਸੀ। ਕੁਝ ਜਿਲ੍ਹਿਆਂ ਤੋਂ ਅਧੂਰੀ ਸੂਚਨਾ ਪ੍ਰਾਪਤ ਹੋਈ ਅਤੇ ਕਈ ਜਿਲ੍ਹਿਆਂ ਵਲੋਂ ਸੂਚਨਾ ਭੇਜੀ ਹੀ ਨਹੀ ਗਈ। ਆਪ ਨੂੰ ਲਿਖਿਆ ਜਾਂਦਾ ਹੈ ਕਿ ਸਾਲ 2018-19 ਵਿੱਚ ਸਿੱਧੀ ਭਰਤੀ, ਤਰਸ ਦੇ ਅਧਾਰ ਤੇ ਜਾਂ ਫਿਰ ਰਮਸਾ/ਐਸ.ਐਸ.ਏ. ਤੋਂ ਕਲਿਕ ਕਰਕੇ ਭਾਵ ਕਿਸੇ ਵੀ ਵਿਧੀ ਰਾਹੀ ਭਰਤੀ ਹੋਏ ਕਰਮਚਾਰੀਆਂ ਜਿਨ੍ਹਾਂ ਦੇ ਅਜੇ ਤੱਕ ਪਰਾਨ ਨੰਬਰ ਅਲਾਟ ਨਹੀਂ ਹੋਏ ਬਾਰੇ ਸੂਚਨਾ ਹੇਠਾਂ ਦਿੱਤੇ ਪ੍ਰਫਾਰਮੇ ਵਿੱਚ ਭੇਜੀ ਜਾਵੇ।

| ਲੜੀ ਨੰ: | ਕਰਮਚਾਰੀ ਦਾ ਨਾਮ | ਸਕੂਲ/ਦਫਤਰ ਦਾ ਨਾਮ | ਸਰਕਾਰੀ ਨੌਕਰੀ ਵਿੱਚ ਹਾਜਿਰ ਹੋਣ ਦੀ ਮਿਤੀ | ਪਰਾਨ ਨੰ: ਅਪਲਾਈ ਕਰਨ (ਖਜਾਨਾ ਦਫਤਰ ਨੂੰ ਆਨਲਾਈਨ ਭੇਜਣ) ਦੀ ਮਿਤੀ | ਪਰਾਨ ਨੰ: ਜਾਰੀ ਨਾ ਹੋਣ ਦੇ ਕਾਰਨ |
|---|---|---|---|---|---|
| | | | | | |
| | | | | | |

ਜੇਕਰ ਆਪ ਦੇ ਜਿਲ੍ਹੇ ਵਿੱਚੋ ਸਾਰੇ ਕਰਮਚਾਰੀਆਂ ਦੇ ਪਰਾਨ ਨੰਬਰ ਜਾਰੀ ਹੋ ਚੁੱਕੇ ਹਨ ਅਤੇ ਤਨਖਾਹ ਨਿਯਮਤ ਰੂਪ ਵਿੱਚ ਡਰਾਅ ਹੋ ਰਹੀ ਹੈ ਤਾਂ ਇਸ ਸਬੰਧੀ ਸਰਟੀਫਿਕੇਟ ਭੇਜ ਕੇ ਤਸਦੀਕ ਕੀਤਾ ਜਾਵੇ।

ਉਪਰੋਕਤ ਸੂਚਨਾ 10 ਦਿਨ੍ਹਾਂ ਦੇ ਅੰਦਰ-ਅੰਦਰ ਈ-ਮੇਲ supdt.fund.dpise@gmail.com ਰਾਹੀ ਸੂਚਨਾ ਭੇਜੀ ਜਾਵੇ।

ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)